Sarcouncil Journal of Arts and Literature

**ISSN(Online): 2945-364X**

Volume- 05| Issue- 01| 2026

**Research Article** **Received:** 01-12-2025 | **Accepted:** 25-12-2025 | **Published:** 11-01-2026

# ਪੰਜਾਬ ਦੀ ਵੰਡ : ਪੁਨਰ-ਚਿੰਤਨ

***ਜਗਦੀਪ ਸਿੰਘ***

*ਖੋਜਾਰਥੀ, ਪੰਜਾਬੀ ਵਿਭਾਗ, ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ*

**Abstract:** ***ਪੰਜਾਬ ਦੀ ਵੰਡ ਇੱਕ ਅਜਿਹੀ ਘਟਨਾ ਸੀ ਜਿਸ ਨੇ ਪੂਰੀ ਪੰਜਾਬੀਅਤ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਵੰਡ ਦੇ ਦਰਦ ਦਾ ਜ਼ਖ਼ਮ ਅਜੇ ਵੀ ਹੱਥ ਲਾਏ ਤੋਂ ਚਿੱਸ ਪੈਂਦਾ ਹੈ। ਇਸ ਵੰਡ ਕਰਕੇ ਸਾਰੀ ਪੰਜਾਬੀਅਤ ਦੋਫਾੜ ਹੋ ਗਈ। ਇਸ ਵੰਡ ਦੇ ਬਾਰੇ ਹੁਣ ਤੱਕ ਅਨੇਕਾਂ ਕਿਤਾਬਾਂ ਲਿਖਿਆ ਗਈਆ ਪਰ ਇਸਦੇ ਮੂਲ ਕਾਰਨਾਂ ਤੱਕ ਰਸਾਈ ਨਹੀ ਹੋ ਪਾਈ। ਅੰਗਰੇਜ਼ਾਂ, ਭਾਰਤੀ ਅਤੇ ਪੰਜਾਬੀ ਲੀਡਰਾਂ ਬਾਰੇ ਉਸ ਤਰ੍ਹਾਂ ਖੁੱਲਕੇ ਗੱਲ ਨਹੀ ਹੋਈ ਜਿਸ ਤਰ੍ਹਾਂ ਇਹਨਾਂ ਸਭਨਾਂ ਦਾ ਇਹ ਵੰਡ ਵਿੱਚ ਬਣਦਾ ਯੋਗਦਾਨ ਸੀ। ਵੰਡ ਦੇ ਰਹੱਸਮਈ ਕਾਰਨਾਂ ਦੀ ਪੜਚੋਲ ਕਰਦਿਆਂ ਬਹੁਤ ਸਾਰੇ ਅਜਿਹੇ ਤੱਥ ਸਾਹਮਣੇ ਆਉਂਦੇ ਹਨ, ਜਿਹਨਾਂ ਤੋਂ ਸਾਡੇ ਨਾਲ ਹੋਈ ਇਸ ਘਿਨੌਣੀ ਸਾਜ਼ਿਸ਼ ਦਾ ਪਤਾ ਲਗਦਾ ਹੈ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਅਜਿਹੇ ਕਾਰਨ ਹਨ, ਜਿਹਨਾਂ ਕਰਕੇ ਵੰਡ ਹੋਈ ਪਰ ਉਹਨਾਂ ਕਾਰਨਾਂ ਨੂੰ ਸਾਹਮਣੇ ਨਹੀ ਲਿਆਂਦਾ ਗਿਆ।***

**Keywords:** ਪੰਜਾਬ, ਅੰਗਰੇਜ਼, ਪੁਨਰ-ਚਿੰਤਨ.

## INTRODUCTION

***ਕੀ-ਵਰਡ: ਪੰਜਾਬ ,ਵੰਡ, ਅੰਗਰੇਜ਼, ਪੱਛਮੀ ਢਾਂਚਾ, ਸਿੱਖਿਆ ਢਾਂਚਾ, ਭਾਰਤੀ ਲੀਡਰ, ਪੰਜਾਬੀ ਲੀਡਰ, ਭਾਸ਼ਾ, ਸਭਾਵਾਂ***

ਪੰਜਾਬ ਦੀ ਵੰਡ ਇੱਕ ਅਜਿਹੀ ਘਟਨਾ ਸੀ, ਜਿਹੜੀ ਰਹਿੰਦੀ ਦੁਨੀਆਂ ਤੱਕ ਪੰਜਾਬੀਆਂ ਦੀਆਂ ਸਮ੍ਰਿਤੀਆਂ ਵਿੱਚ ਉੱਕਰੀ ਰਹੇਗੀ ਅਤੇ ਉਹਨਾਂ ਨੂੰ ਭਾਸ਼ਾ, ਧਰਮ ਅਤੇ ਜਾਤੀ ਵੰਡ ਦੀ ਇਹ ਗੱਲ ਹਮੇਸ਼ਾ ਚੁਭਦੀ ਰਹੇਗੀ। ਪੰਜਾਬ ਦੀ ਵੰਡ ਦੇ ਬੀਜ ਉਸ ਸਮੇਂ ਹੀ ਬੀਜੇ ਗਏ ਸਨ ਜਦੋਂ ਪੰਜਾਬ ਉੱਤੇ ਅੰਗਰੇਜ਼ਾਂ ਨੇ ਕਬਜ਼ਾ ਕੀਤਾ ਸੀ। ਅੰਗਰੇਜ਼ ਇੱਕ ਅਜਿਹੀ ਕੌਮ ਹਨ, ਜਿਨਾਂ ਨੇ ਵੰਡ ਪਾਓ ਤੇ ਰਾਜ ਕਰੋ ਦੀ ਨੀਤੀ ਤਹਿਤ ਪੰਜਾਬ ਅਤੇ ਭਾਰਤ ਹੀ ਨਹੀਂ ਸਗੋਂ ਅੱਧੋਂ ਵੱਧ ਦੁਨੀਆ ਉੱਤੇ ਰਾਜ ਕੀਤਾ। ਉਹ ਜਿੱਥੇ ਵੀ ਜਾਂਦੇ ਉਥੋਂ ਦੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਸੰਸਕ੍ਰਿਤੀ ਨੂੰ ਲਤਾੜਦੇ ਅਤੇ ਪ੍ਰਦੂਸ਼ਿਤ ਕਰਦੇ ਜਾਂਦੇ। ਪੰਜਾਬ ਨਾਲ ਵੀ ਉਹਨਾਂ ਅਜਿਹਾ ਹੀ ਕੀਤਾ। ਇਸ ਗੱਲ ਦਾ ਇਲਮ ਪਹਿਲਾਂ ਹੀ ਪੰਜਾਬ ਦੇ ਉਨੀਵੀ ਸਦੀ ਦੇ ਸ਼ਾਇਰ ਸ਼ਾਹ ਮੁਹੰਮਦ ਨੂੰ ਸੀ, ਇਸ ਕਰਕੇ ਉਹ ਕਹਿੰਦਾ ਹੈ-

ਰਾਜੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ ਸਿਰ ਦੋਹਾਂ ਦੇ ਉੱਤੇ ਆਫ਼ਤ ਆਈ ।

ਆਫ਼ਤ ਆਉਣ ਨਾਲ ਸਭ ਕੁਝ ਰਿੜ-ਪੁੜ ਜਾਂਦਾ ਹੈ। ਉਥਲ ਪੁਥਲ ਮਚ ਜਾਂਦੀ ਹੈ। ਸ਼ਾਹ ਮੁਹੰਮਦ ਇਸ ਬਾਰੇ ਸੁਚੇਤ ਸੀ, ਇਸ ਕਰਕੇ ਉਸ ਨੇ ਅੰਗਰੇਜ਼ਾਂ ਦੀ ਤੁਲਨਾ ਆਫ਼ਤ ਨਾਲ ਕੀਤੀ ਹੈ। 1849 ਈ. ਵਿੱਚ ਪੰਜਾਬ 'ਤੇ ਕਬਜ਼ਾ ਕਰਨ ਤੋਂ ਬਾਅਦ ਉਹਨਾਂ ਨੇ ਆਪਣੀਆਂ ਨੀਤੀਆਂ ਪੰਜਾਬ ਉੱਤੇ ਲਾਗੂ ਕਰਨੀਆਂ ਸ਼ੁਰੂ ਕੀਤੀਆਂ। ਉਹ ਬਹੁਤ ਯੋਜਨਾਬੱਧ ਤਰੀਕੇ ਨਾਲ ਹਰ ਮਾਮਲੇ ਦੀ ਤਹਿ ਤੱਕ ਜਾਂਦੇ ਸਨ। ਉਹ ਆਪਣੇ ਅਧੀਨ ਨਾਗਰਿਕਾਂ ਦੀਆਂ ਮੂਲ ਬਿਰਤੀਆਂ, ਕਮਜ਼ੋਰੀਆਂ ਅਤੇ ਆਪਸੀ ਵਿਰੋਧਾਂ ਬਾਰੇ ਬਹੁਤ ਸਾਰੀ ਜਾਣਕਾਰੀ ਇਕੱਤਰ ਕਰਦੇ ਸਨ।[1] ਇਸ ਦਾ ਉਦੇਸ਼ ਲੋਕਾਂ ਨੂੰ ਡਰਾ ਕੇ ਰਾਜ ਅਧੀਨ ਰੱਖਣਾ, ਉਹਨਾਂ ਵਿੱਚ ਮਾਨਸਿਕ ਗੁਲਾਮੀ ਭਰਨੀ, ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ, ਲੋਕਾਂ ਵਿੱਚ ਵਿਰੋਧ ਦੀ ਭਾਵਨਾ ਨੂੰ ਖ਼ਤਮ ਕਰਨਾ ਤੇ ਇਥੋਂ ਲੁੱਟ-ਘਸੁੱਟ ਕਰਨਾ ਸੀ। ਇਸ ਲਈ ਉਹ ਖਿੱਤਿਆਂ ਨੂੰ ਜਾਣਦੇ, ਪਰਖ਼ਦੇ ਅਤੇ ਫਿਰ ਉੱਥੇ ਯੋਜਨਾਬੱਧ ਤਰੀਕੇ ਨਾਲ ਆਪਸੀ ਵਿਗਾੜ ਪੈਦਾ ਕਰਦੇ ਸਨ। ਅਜਿਹੇ ਵਿੱਚ ਲੋਕ ਆਪਸ ਵਿੱਚ ਧੱਕੋ-ਮੁੱਕੀ ਹੁੰਦੇ ਰਹਿੰਦੇ ਅਤੇ ਉਹ ਲੁੱਟ ਦਾ ਮਾਲ ਬਹੁਤ ਅਸਾਨੀ ਨਾਲ ਹਜ਼ਮ ਕਰ ਜਾਂਦੇ ਸਨ। ਉਹਨਾਂ ਨੇ ਇਹ ਪੰਜਾਬ ਵਿੱਚ ਹੀ ਨਹੀਂ ਕੀਤਾ ਸਗੋਂ ਭਾਰਤ ਅਤੇ ਬਲਕਿ ਪੂਰੇ ਵਿਸ਼ਵ ਵਿੱਚ ਕੀਤਾ। ਜਿੱਥੇ-ਜਿੱਥੇ ਵੀ ਉਹਨਾਂ ਨੇ ਬਸਤੀਆਂ ਕਾਇਮ ਕੀਤੀਆ, ਉੱਥੇ ਇਸ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਵਿਗਾੜ ਪੈਦਾ ਕੀਤੇ ਅਤੇ ਲੋਕਾਂ ਵਿੱਚ ਤਣਾਉ ਭਰਿਆ।

ਇਸ ਬਾਬਤ ਬਹੁਤ ਸਾਰੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ। ਉਹਨਾਂ ਨੇ ਪਹਿਲੀ ਵਾਰ ਸਾਰੇ ਭਾਰਤ ਵਿੱਚ ਲੋਕਾਂ ਦੀ ਜਣਗਣਨਾ ਸ਼ੁਰੂ ਕੀਤੀ।[2] ਅਜਿਹਾ ਕਰਕੇ ਉਹਨਾਂ ਨੇ ਪੰਜਾਬੀਆਂ ਦੇ ਆਪਸੀ ਵਖਰੇਵਿਆਂ ਨੂੰ ਜਾਣਿਆ ਅਤੇ ਫਿਰ ਉਹਨਾਂ ਵਖਰੇਵਿਆਂ ਨੂੰ ਵਿਰੋਧਤਾਵਾਂ ਅਤੇ ਦੁਸ਼ਮਣੀਆਂ ਵਿੱਚ ਬਦਲ ਦਿੱਤਾ। ਇਹ ਸਭ ਕੁਝ ਉਹ ਇਸ ਤਰੀਕੇ ਨਾਲ ਕਰਦੇ ਸਨ ਕਿ ਕੌਮਾਂ ਨੂੰ ਪਤਾ ਹੀ ਨਾ ਲੱਗਦਾ ਕਿ ਕਦੋਂ ਉਹਨਾਂ ਦਾ ਪਿਆਰ; ਵਿਗਾੜ, ਦੰਗਿਆਂ ਅਤੇ ਵਿਰੋਧਾਂ ਵਿੱਚ ਪਰਿਵਰਤਿਤ ਹੋ ਗਿਆ। ਜਣਗਣਨਾ ਵਿੱਚ ਲੋਕਾਂ ਦੇ ਧਰਮ, ਜਾਤ, ਗੋਤ ਆਦਿ ਪੁੱਛੇ ਜਾਂਦੇ ਸਨ। ਇਸ ਨਾਲ ਪਤਾ ਲੱਗਦਾ ਸੀ ਕਿ ਕਿਸ ਖੇਤਰ ਵਿੱਚ ਕਿੰਨੇ ਹਿੰਦੂ ਅਤੇ ਮੁਸਲਮਾਨ ਰਹਿੰਦੇ ਹਨ ਅਤੇ ਕਿੰਨੇ ਸਿੱਖ ਰਹਿੰਦੇ ਹਨ। ਉਹਨਾਂ ਦੀਆਂ ਜਾਤਾਂ ਵੀ ਨਾਲ-ਨਾਲ ਪੁੱਛੀਆਂ ਜਾਂਦੀਆਂ ਸਨ। ਇਸ ਤਰ੍ਹਾਂ ਗਿਣਤੀ ਇਕੱਤਰ ਕਰਕੇ ਉਹਨਾਂ ਨੇ ਲਾਭ ਉਠਾਇਆ ਅਤੇ ਇਹ ਗਿਣਤੀ ਲੋਕਾਂ ਵਿੱਚ ਪਹੁੰਚਦੀ ਕਰਕੇ, ਉਹਨਾਂ ਵਿੱਚ ਆਪਸੀ ਧੜੇਬੰਦੀ ਪੈਦਾ ਕੀਤੀ। ਫਿਰ ਹੋਰ ਵਖਰੇਵੇਂ ਪਾਉਣ ਲਈ ਧਰਮ, ਜਾਤ ਅਤੇ ਕਿੱਤੇ ਦੇ ਆਧਾਰ ਉੱਤੇ ਸਮੂਹਾਂ ਵਿੱਚ ਵਰਗੀਕਰਨ ਕੀਤਾ। ਜਿਉਂ-ਜਿਉਂ ਗਰੁੱਪ ਬਣਦੇ ਗਏ, ਤਿਉਂ-ਤਿਉਂ ਫੁੱਟ ਪੈਂਦੀ ਗਈ ਅਤੇ ਧੜਿਆਂ ਵਿੱਚ ਵੈਰ ਵਧਣ ਲੱਗਾ। ਮਿਸਾਲ ਵਜੋਂ ਮੁਸਲਮਾਨ ਹਮੇਸ਼ਾ ਗਊ ਦਾ ਮਾਸ ਖਾਂਦੇ ਸਨ ਪਰ ਗਊਆਂ ਨੂੰ ਸ਼ਰੇਆਮ ਕਤਲ ਕਰਨ ਦੀ ਮਨਾਹੀ ਸੀ। ਇਹ ਸਭ ਕੁਝ ਪਰਦੇ ਨਾਲ ਸਮਾਜ ਵਿੱਚ ਵੱਖ-ਵੱਖ ਧਰਮਾਂ ਦੇ ਲੋਕਾਂ ਦੇ ਹੁੰਦੇ ਹੋਏ ਸਦੀਆਂ ਤੋਂ ਚਲਦਾ ਆ ਰਿਹਾ ਸੀ। ਅੰਗਰੇਜ਼ਾਂ ਨੇ ਮਈ 1849 ਈ. ਵਿੱਚ ਅੰਮ੍ਰਿਤਸਰ,

Copyright © 2022 The Author(s): This work is licensed under a Creative Commons Attribution- NonCommercial-NoDerivatives 4.0 (CC BY-NC-ND 4.0) International License



***Corresponding Author:** ਜਗਦੀਪ ਸਿੰਘ

DOI- https://doi.org/10.5281/zenodo.18215013

ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਗਊ ਹੱਤਿਆ ਲਈ ਬੁੱਚੜਖਾਨੇ ਖੋਲਣ ਦੀ ਇਜਾਜ਼ਤ ਦੇ ਦਿੱਤੀ।[3] ਇਸ ਪ੍ਰਕਾਰ ਲੋਕਾਂ ਨੂੰ ਆਪਸ ਵਿੱਚ ਭੜਕਾਉਣਾ ਅਤੇ ਲੜਾਉਣਾ ਹੀ ਇਹਨਾਂ ਦਾ ਮੁੱਖ ਕੰਮ ਸੀ। ਅਖੀਰ ਮਾਰਚ 1850 ਈ. ਵਿੱਚ ਪਹਿਲੇ ਹਿੰਦੂ-ਮੁਸਲਿਮ ਦੰਗੇ ਹੋਏ ਅਤੇ ਇਸ ਤੋਂ ਬਾਅਦ ਇਹ ਸਿਲਸਿਲਾ ਅਜਿਹਾ ਚੱਲਿਆ ਕਿ ਰੁਕਿਆ ਹੀ ਨਹੀਂ। ਬੰਬਈ, ਕਲਕੱਤਾ ਅਤੇ ਹੋਰ ਥਾਵਾਂ 'ਤੇ ਅਜਿਹੀ ਘਟਨਾਵਾਂ ਵਾਪਰਨ ਲੱਗੀਆਂ। ਇਹ ਧਰਮ ਦੇ ਨਾਂ 'ਤੇ ਫੁੱਟ ਸੀ।

ਇਸੇ ਤਰ੍ਹਾਂ ਉਹਨਾਂ ਨੇ ਸਿੱਖਿਆ ਦੇ ਖੇਤਰ ਵਿੱਚ ਵੀ ਫੁੱਟ ਪਾਈ। ਸਦੀਆਂ ਤੋਂ ਪੰਜਾਬੀ ਭਾਸ਼ਾ ਬੋਲੀ ਜਾ ਰਹੀ ਸੀ ਅਤੇ ਫ਼ਾਰਸੀ ਲਿੱਪੀ ਲਿਖੀ ਜਾ ਰਹੀ ਸੀ। ਇਸ ਤੋਂ ਇਲਾਵਾ ਦਰਬਾਰ ਦੇ ਕੰਮਕਾਰ ਦੀ ਭਾਸ਼ਾ ਵੀ ਫ਼ਾਰਸੀ ਸੀ। ਪੰਜਾਬ ਦਾ ਮੱਧਕਾਲੀ ਕਲਾਸਿਕ ਕਲਾਮ ਪੰਜਾਬੀ ਬੋਲੀ ਵਿੱਚ ਉਚਾਰਿਆ ਗਿਆ ਅਤੇ ਫਾਰਸੀ ਲਿੱਪੀ ਵਿੱਚ ਲਿਖਿਆ ਗਿਆ। ਇਸ ਪ੍ਰਕਾਰ ਇਹ ਸਾਂਝ ਦਾ ਪ੍ਰਤੀਕ ਹੈ ਪਰ ਅੰਗਰੇਜ਼ਾਂ ਨੇ ਇਸ ਸਾਂਝ 'ਤੇ ਸੱਟ ਮਾਰੀ। ਉਹਨਾਂ ਨੇ ਸਿੱਖਿਆ ਦਾ ਸਾਰਾ ਢਾਂਚਾ ਤਬਦੀਲ ਕਰ ਦਿੱਤਾ। ਬਹੁਤ ਸਾਰੇ ਸਕੂਲ ਅਤੇ ਨਵੇਂ ਕਾਲਜ ਖੋਲੇ ਗਏ ਅਤੇ ਸਦੀਆਂ ਤੋਂ ਚਲਦੀ ਆ ਰਹੀ ਸਿੱਖਿਆ ਨੂੰ ਖ਼ਤਮ ਕਰ ਦਿੱਤਾ ਗਿਆ। ਨਵੀਂ ਸਿੱਖਿਆ ਪ੍ਰਣਾਲੀ ਲਾਗੂ ਕੀਤੀ ਗਈ, ਜਿਸ ਵਿੱਚ ਅੰਗਰੇਜ਼ੀ ਭਾਸ਼ਾ ਕੇਂਦਰ ਵਿੱਚ ਸੀ ਅਤੇ ਬਾਕੀ ਭਾਸ਼ਾਵਾਂ ਦਾ ਗੌਣ ਸਥਾਨ ਸੀ। ਉਹਨਾਂ ਨੇ ਜਣਗਣਨਾ ਕਰਵਾਕੇ ਪਹਿਲਾ ਧਰਮ ਉਭਾਰੇ ਅਤੇ ਫਿਰ ਧਰਮਾਂ ਦੇ ਨਾਲ ਭਾਸ਼ਾਵਾਂ ਨੂੰ ਜੋੜਿਆ। ਅਗਾਂਹ ਲਿੱਪੀਆਂ ਨੂੰ ਭਾਸਾਵਾਂ ਨਾਲ ਜੋੜਿਆ ਗਿਆ। ਮਿਸਾਲ ਵਜੋਂ ਹਿੰਦੂਆਂ ਨੂੰ, ਹਿੰਦੀ ਭਾਸ਼ਾ ਤੇ ਦੇਵਨਾਗਰੀ ਲਿੱਪੀ ਨਾਲ ਜੋੜ ਦਿੱਤਾ ਗਿਆ। ਮੁਸਲਮਾਨਾਂ ਨੂੰ ਫ਼ਾਰਸੀ ਜਾਂ ਉਰਦੂ ਭਾਸ਼ਾ ਨਾਲ ਅਤੇ ਸਿੱਖਾਂ ਨੂੰ ਪੰਜਾਬੀ ਨਾਲ ਜੋੜਿਆ ਗਿਆ। ਗੁਰਮੁਖੀ ਲਿੱਪੀ ਨੂੰ ਸਿੱਖਾਂ ਦੀ ਲਿੱਪੀ, ਦੇਵਨਾਗਰੀ ਨੂੰ ਹਿੰਦੂਆਂ ਤੇ ਸ਼ਾਹਮੁਖੀ ਨੂੰ ਮੁਸਲਮਾਨਾਂ ਨਾਲ ਜੋੜ ਦਿੱਤਾ ਗਿਆ। ਇਸ ਪ੍ਰਕਾਰ ਧਰਮ ਤੋਂ ਬਾਅਦ ਭਾਸ਼ਾਵਾਂ ਤੇ ਲਿੱਪੀਆਂ ਵਿੱਚ ਵੰਡ ਪਾਈ ਗਈ।

ਜਦੋਂ ਨਵੀਂ ਸਿੱਖਿਆ ਪ੍ਰਣਾਲੀ ਸ਼ੁਰੂ ਹੋਈ ਤਾਂ ਉਹਨਾਂ ਨੇ ਭਾਰਤੀ ਭਾਸ਼ਾਵਾਂ ਉੱਤੇ ਅੰਗਰੇਜ਼ੀ ਭਾਸ਼ਾ ਅਤੇ ਪੱਛਮੀ ਸੱਭਿਅਤਾ ਦੀ ਪਾਣ ਚੜਾਈ। ਇਸ ਦੇ ਨਾਲ ਹੀ ਅੰਗਰੇਜ਼ੀ ਪ੍ਰਬੰਧ ਦੇ ਅਧੀਨ ਪੜ੍ਹੇ ਕਲਰਕ ਪੱਛਮੀ ਢਾਂਚੇ ਰਾਹੀਂ ਪੈਦਾ ਕੀਤੇ। ਇਹ ਇੱਕ ਪ੍ਰਕਾਰ ਦੇ ਅੰਗਰੇਜ਼ਾਂ ਦੇ ਤੋਤੇ ਸਨ। ਜਦੋਂ ਕਿਸੇ ਖਿੱਤੇ ਵਿੱਚ ਹੋਰ ਭਾਸ਼ਾ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਉਸ ਭਾਸ਼ਾ ਦੇ ਨਾਲ-ਨਾਲ ਉਸ ਦੇ ਮੁੱਲ- ਵਿਧਾਨ ਵੀ ਆ ਜਾਂਦੇ ਹਨ। ਉਹ ਭਾਸ਼ਾ ਜਿਸ ਖਿੱਤੇ ਵਿੱਚੋਂ ਉਸਰੀ ਹੋਵੇ, ਉਸ ਖਿੱਤੇ ਦੇ ਪ੍ਰਬੰਧ, ਢਾਂਚੇ, ਜੀਵਨ-ਮੁੱਲ ਅਤੇ ਉਸਦੀ ਸਮੁੱਚੀ ਪ੍ਰਣਾਲੀ, ਦੂਜੀ ਕੌਮ ਉੱਤੇ ਲੱਦ ਦਿੱਤੀ ਜਾਂਦੀ ਹੈ। ਇਸੇ ਪ੍ਰਕਾਰ ਹੀ ਸਾਡੇ ਨਾਲ ਹੋਇਆ। ਅੰਗਰੇਜ਼ਾਂ ਨੇ ਆਪਣੇ ਢਾਂਚੇ, ਪ੍ਰਬੰਧ, ਜੀਵਨ-ਮੁੱਲ ਅਤੇ ਆਪਣੀਆਂ ਕਮੀਆਂ-ਕਮਜ਼ੋਰੀਆਂ ਵੀ ਇਸ ਭਾਸ਼ਾ ਦੇ ਨਾਲ ਹੀ ਸਾਡੇ ਮੌਲਿਕ ਢਾਂਚਿਆਂ ਵਿੱਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ। ਸਿਰਫ਼ ਇਹ ਹੀ ਨਹੀਂ, ਅੰਗਰੇਜ਼ੀ ਭਾਸ਼ਾ ਦੀ ਵਾਕ-ਬਣਤਰ ਵੀ ਸਾਡੀ ਪੰਜਾਬੀ ਭਾਸ਼ਾ 'ਤੇ ਲਾਗੂ ਕਰ ਦਿੱਤੀ ਗਈ। ਬਹੁਤ ਸਾਰੇ ਨਵੇਂ ਬਣੇ ਪੰਜਾਬੀ ਦੇ ਪ੍ਰੋਫ਼ੈਸਰ, ਜਿਹਨਾਂ ਨੇ ਪੱਛਮੀ ਢਾਂਚੇ ਤਹਿਤ ਸਿੱਖਿਆਂ ਗ੍ਰਹਿਣ ਕੀਤੀ ਸੀ, ਉਹਨਾ ਨੇ ਅੰਗਰੇਜ਼ੀ ਦੀ ਵਾਕ-ਬਣਤਰ ਪੰਜਾਬੀ ਵਿੱਚ ਲਾਗੂ ਕਰਕੇ ਪੰਜਾਬੀ ਦੀ ਵਿਆਕਰਣ ਦਾ ਸਤਿਆਨਾਸ਼ ਕਰ ਦਿੱਤਾ।[4]

ਇਸ ਤੋਂ ਇਲਾਵਾ ਉਹਨਾਂ ਨੇ ਬਹੁਤ ਸਾਰੀਆਂ ਸਭਾਵਾਂ ਦੀ ਅਸਿੱਧੇ ਤੌਰ ਉੱਤੇ ਸਰਪ੍ਰਸਤੀ ਕਰਕੇ ਵੀ ਇਸ ਖਿੱਤੇ ਨੂੰ ਤੋੜਨ, ਵਿਗਾੜਨ ਅਤੇ ਇਸ ਦੀ ਵੰਡ ਲਈ ਜ਼ਿੰਮੇਦਾਰ ਕਾਰਨਾਂ ਨੂੰ ਉਭਾਰਿਆ। ਉਹਨਾਂ ਨੇ ਸਿੰਘ ਸਭਾ ਲਹਿਰ, ਆਰੀਆ ਸਮਾਜ ਅਤੇ ਮੁਸਲਿਮ ਲੀਗ ਜਿਹੀਆਂ ਸਭਾਵਾਂ ਬਣਾਉਣ ਵਾਲੇ ਸਰਪ੍ਰਸਤਾਂ ਦੀ ਪਰਦੇ ਪਿੱਛੇ ਮਦਦ ਕੀਤੀ। ਇਹ ਸਭਾਵਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕਰਨ ਦੀ ਥਾਂ ਵੱਖ-ਵੱਖ ਧਰਮਾਂ ਦੀ ਗੱਲ ਕਰਨੀ ਅਤੇ ਉਹਨਾਂ ਨੂੰ ਉਭਾਰਨਾ ਸ਼ੁਰੂ ਕਰ ਦਿੱਤਾ। ਸ਼ਮਸ਼ੇਰ ਸਿੰਘ ਅਸ਼ੋਕ ਦਾ ਵਿਚਾਰ ਹੈ ਕਿ "ਸਿੰਘ ਸਭਾ ਲਹਿਰ ਈਸਾਈਆਂ, ਹਿੰਦੂ ਸਮਾਜ ਅਤੇ ਆਰੀਆ ਸਮਾਜ ਦੀ ਅੰਧਾ-ਧੁੰਦ ਮਜ਼ਹਬੀ ਕਸ਼ਮਕਸ਼ ਅਤੇ ਗੈਰ ਮੁਨਾਸਫ਼ਾਨਾ ਕਾਰਵਾਈਆਂ ਦੇ ਜਵਾਬ ਵਿੱਚ ਪੈਦਾ ਹੋਈ।"[5] ਇਸ ਪ੍ਰਕਾਰ ਜੀਤ ਸਿੰਘ ਸੀਤਲ ਦਾ ਕਹਿਣਾ ਹੈ ਕਿ "ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ਾ ਹੋ ਜਾਣ ਦੇ ਕਾਰਨ ਈਸਾਈ ਪਾਦਰੀਆਂ ਦੇ ਪ੍ਰਚਾਰ ਦੀ ਗਤੀ ਤੇਜ਼ ਹੋ ਗਈ, ਸਿੰਘ ਸਭਾ ਲਹਿਰ ਇਨਾ ਸਾਰੀਆਂ ਸਥਿਤੀਆਂ ਦੇ ਪ੍ਰਤੀਕਰਮ ਵਜੋਂ ਹੋਂਦ ਵਿੱਚ ਆਈ।"[6] ਇਹਨਾਂ ਸਭਾਵਾਂ ਨੇ ਆਪੋ-ਆਪਣੇ ਧਰਮਾਂ ਨੂੰ ਬਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਸਵਾਮੀ ਦਯਾਨੰਦ ਨੇ 1870 ਈ. ਵਿੱਚ ਆਰੀਆ ਸਮਾਜ ਦੀ ਸਥਾਪਨਾ ਕੀਤੀ। ਇਹ ਲਹਿਰ ਸਭਨਾਂ ਧਰਮਾਂ ਦੇ ਵਿਰੁੱਧ ਪ੍ਰਚਾਰ ਕਰਦੀ ਸੀ। 1877 ਈ. ਵਿੱਚ ਦਯਾਨੰਦ ਪੰਜਾਬ ਆ ਗਿਆ ਅਤੇ ਇੱਥੇ ਆ ਕੇ ਪ੍ਰਚਾਰ ਕੀਤਾ।[7] ਦਯਾਨੰਦ ਦਾ ਨਜ਼ਰੀਆ ਹੀ, ਬਾਅਦ ਵਿੱਚ ਜਾ ਕੇ ਪੰਜਾਬ ਵਿੱਚ ਸਿੱਖਾਂ ਤੇ ਹਿੰਦੂਆਂ ਵਿੱਚ ਬਾਹਰੀ ਨਫ਼ਰਤ ਤੇ ਦੁਸ਼ਮਣੀ ਦੀਆਂ ਲਕੀਰਾਂ ਵਾਹੁਣ ਦਾ ਕਾਰਨ ਬਣਿਆ।[8] ਬਹੁਤ ਸਾਰੀਆਂ ਸਮੱਸਿਆਵਾਂ ਇਥੋਂ ਪੈਦਾ ਹੁੰਦੀਆਂ ਹਨ। ਇਹ ਸਭਾਵਾਂ ਨੂੰ ਵਾਜਬ ਫੰਡ ਦਿੱਤੇ ਗਏ। ਇਹਨਾਂ ਦੇ ਸਰਪ੍ਰਸਤ ਅੰਗਰੇਜ਼ਾਂ ਦੇ ਝੋਲੀ ਚੁੱਕ ਸਨ। ਇਹ ਸਰਪ੍ਰਸਤ ਅਚੇਤ ਰੂਪ ਵਿੱਚ ਵੰਡ ਪਾਉਣ ਦੇ ਜ਼ਿੰਮੇਦਾਰ ਕਾਰਨ ਬਣੇ। ਉਹ ਸੁਚੇਤ ਜਾਂ ਅਚੇਤ ਰੂਪ ਵਿੱਚ ਪੱਛਮੀ ਢਾਂਚੇ ਅਤੇ ਉਹਨਾਂ ਦੀ ਸੋਚ ਨੂੰ ਲੋਕਾਂ ਵਿੱਚ ਪਰੋਸ ਰਹੇ ਸਨ ਅਤੇ ਵੰਡ ਪਾਉਣ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰ ਰਹੇ ਸਨ। ਉਹ ਅੰਗਰੇਜ਼ਾਂ ਦੇ ਦਿਮਾਗ ਨੂੰ ਸਮਝਣ ਤੋਂ ਅਸਮਰੱਥ ਸਨ। ਉਹਨਾਂ ਨੇ ਧਰਮਾਂ ਤੋਂ ਭਾਸ਼ਾਵਾਂ ਨੂੰ ਉਭਾਰਿਆ ਅਤੇ ਇਹ ਧਰਮ ਦਾ ਕੀੜਾ ਅਗਾਂਹ ਜਾ ਕੇ ਸੱਪ ਬਣਿਆ ਅਤੇ ਇਸ ਸੱਪ ਨੇ ਵੰਡ ਕਰਕੇ ਸਾਰੀ ਪੰਜਾਬੀਅਤ ਨੂੰ ਡੰਗ ਸੁੱਟਿਆ। ਹਾਲਾਂਕਿ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਿੰਘ ਸਭਾ ਲਹਿਰ ਨੇ ਉਸ ਸਮੇਂ ਦੇ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਵਡਮੁੱਲਾਂ ਯੋਗਦਾਨ ਪਾਇਆ ਅਤੇ ਅਜਿਹੀਆਂ ਕਿਤਾਬਾਂ ਛਪਵਾਈਆਂ, ਜਿਹਨਾਂ ਨੇ ਸਾਡੀ ਜਾਣ-ਪਛਾਣ ਪੱਛਮ ਨਾਲ ਕਰਵਾਈ ਪਰ ਨਾਲ ਹੀ ਇਹਨਾਂ ਸਭਾਵਾਂ ਨੇ ਜਾਣੇ ਜਾਂ ਅਣਜਾਣੇ ਵਿੱਚ ਧਰਮਾਂ ਨੂੰ ਉਭਾਰਕੇ ਅਤੇ ਪੰਜਾਬੀਅਤ ਨੂੰ ਵਿਸਾਰ ਕੇ ਵੰਡ ਦੀ ਕਲਿਹਣੀ ਰੂਪ-ਰੇਖਾ ਵੀ ਤਿਆਰ ਕੀਤੀ।

ਇਸ ਪ੍ਰਕਾਰ ਅੰਗਰੇਜ਼ਾਂ ਨੇ ਧਰਮ, ਜਾਤ, ਜਮਾਤ, ਸਿੱਖਿਆ ਢਾਂਚੇ ਅਤੇ ਸਭਾਵਾਂ ਦੇ ਰਾਹੀਂ ਜਾਂ ਉਹਨਾਂ ਦੀ ਮਦਦ ਕਰਕੇ ਇਸ ਵੰਡ ਨੂੰ ਅੰਜਾਮ ਦਿੱਤਾ। ਪਰ ਇਸ ਵੰਡ ਵਿੱਚ ਹੋਰ ਵੀ ਬਹੁਤ ਸਾਰੇ

Copyright © 2022 The Author(s): This work is licensed under a Creative Commons Attribution- NonCommercial-NoDerivatives 4.0 (CC BY-NC-ND 4.0) International License

**Publisher: SARC Publisher**

ਭੇਦ ਸ਼ਾਮਿਲ ਸਨ, ਜਿਹਨਾਂ ਦਾ ਰਹੱਸ ਪਤਾ ਹੋਣਾ ਲਾਜ਼ਮੀ ਹੈ। ਅੰਗਰੇਜ਼ਾਂ ਤੋਂ ਬਿਨਾਂ ਭਾਰਤੀ ਨੇਤਾਵਾਂ ਦਾ ਯੋਗਦਾਨ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਅੰਗਰੇਜ਼ਾਂ ਦਾ ਅਸਲ ਪੱਖ ਇਹ ਸੀ ਕਿ ਉਹ ਲੁੱਟ ਕਰਨ ਲਈ ਲਈ ਆਏ ਸਨ ਅਤੇ ਉਹਨਾਂ ਨੇ ਹੁਣ ਤੱਕ ਕਾਫ਼ੀ ਲੁੱਟ ਕਰ ਲਈ ਸੀ। ਹੁਣ ਵਿਸ਼ਵ ਯੁੱਧ ਦੇ ਮੱਦੇ-ਨਜ਼ਰ ਉਹਨਾਂ ਨੇ ਭੂਗੋਲਿਕ ਹਾਲਾਤਾਂ ਕਰਕੇ (ਭਾਵ ਇਹ ਡਰ ਕਿ ਰੂਸ ਤੇ ਜਪਾਨ ਭਾਰਤ 'ਤੇ ਹਮਲਾ ਨਾ ਕਰ ਦੇਣ ਜਾਂ ਇਸ ਨੂੰ ਆਪਣੇ ਨਾਲ ਨਾ ਮਿਲਾ ਲੈਣ) ਇਥੋਂ ਨਿਕਲਣਾ ਹੀ ਠੀਕ ਸਮਝਿਆ। ਉਹ ਚਾਹੁੰਦੇ ਸਨ ਕਿ ਭਾਰਤ ਤੋਂ ਰੂਸ ਵਿਚਕਾਰ ਇੱਕ ਅਜਿਹੀ ਰੇਖਾ ਹੋਣੀ ਚਾਹੀਦੀ ਹੈ, ਜਿਹੜੀ ਅਗਾਂਹ ਆਉਣ ਵਾਲੇ ਸਮੇਂ ਵਿੱਚ ਵੀ ਇਹਨਾਂ ਦੋਵਾਂ ਦੇਸ਼ਾਂ ਨੂੰ ਮਿਲਾ ਨਾ ਸਕੇ, ਕਿਉਂਕਿ ਵਿਸ਼ਵ ਵਿੱਚ ਉਸ ਸਮੇਂ ਪੂੰਜੀਵਾਦ ਅਤੇ ਸਾਮਵਾਦ ਦਾ ਭੇੜ ਚੱਲ ਰਿਹਾ ਸੀ। ਕਾਫ਼ੀ ਬਸਤੀਆਂ ਆਜ਼ਾਦ ਹੋ ਰਹੀਆਂ ਸਨ ਜਾਂ ਹੋ ਚੁੱਕੀਆਂ ਸਨ। ਉਹ ਸਭ ਨੂੰ ਆਪਣੇ ਅਧੀਨ ਰੱਖਣਾ ਵੀ ਠੀਕ ਨਹੀਂ ਸਮਝਦੇ ਸਨ ਅਤੇ ਹੁਣ ਉਹਨਾਂ ਦਾ ਸਭ ਨੂੰ ਅਧੀਨ ਰੱਖਣਾ ਸੰਭਵ ਵੀ ਨਹੀਂ ਸੀ। ਸੋ ਸਿੱਟੇ ਵਜੋਂ ਉਹਨਾਂ ਜਿਵੇਂ-ਕਿਵੇਂ ਇਹ ਸੱਪ ਗਲੋਂ ਲਾਹੁਣਾ ਚਾਹਿਆ।

ਭਾਰਤੀ ਨੇਤਾਵਾਂ ਲਈ ਵੀ ਇਹ ਔਖੀ ਘੜੀ ਸੀ। ਭਾਰਤ ਦੇਸ਼ ਦੇ ਮਹਾਨ ਨੇਤਾ ਕਾਂਗਰਸੀ ਤੇ ਹੋਰ ਵੀ ਕਈ ਪਾਰਟੀਆਂ ਵਿੱਚ ਵੰਡੇ ਹੋਏ ਸਨ। ਇਹ ਇਸ ਤਾਕ ਵਿੱਚ ਸਨ ਕਿ ਕਦੋਂ ਅੰਗਰੇਜ਼ ਕੁਰਸੀ ਛੱਡਣ ਅਤੇ ਅਸੀਂ ਉਸ ਕੁਰਸੀ ਉੱਤੇ ਬਿਰਾਜਮਾਨ ਹੋਈਏ। ਇਸ ਪਾਸੇ ਵੀ ਕਈ ਧੜੇ ਸਨ। ਜਿਵੇਂ ਕਿ ਕਾਂਗਰਸੀ ਧੜਾ, ਆਰ.ਐਸ.ਐਸ (ਜਿਹੜੀ 1925 ਵਿੱਚ ਬਣੀ) ਅਤੇ ਹੋਰ ਵੀ ਕਈ ਛੋਟੇ-ਮੋਟੇ ਗਰੁੱਪ ਸਨ। ਦੂਜਾ ਇਹ ਸਭ ਨੇਤਾ ਜਿਵੇਂ ਕਿ ਗਾਂਧੀ, ਸੁਭਾਸ਼ ਚੰਦਰ ਬੋਸ, ਨਹਿਰੂ, ਪਟੇਲ, ਸਾਵਰਕਰ, ਬਾਲ ਗੰਗਾਧਰ ਤਿਲਕ, ਮੁਹੰਮਦ ਅਲੀ ਜਿਨਾਹ ਆਦਿ ਵਿਦੇਸ਼ ਤੋਂ ਪੜ੍ਹਕੇ ਆਏ ਸਨ ਅਤੇ ਪੱਛਮੀ ਰੰਗ ਵਿੱਚ ਰੰਗੇ ਹੋਏ ਸਨ। ਪੱਛਮ ਵਿੱਚ ਜਿਸ ਤਰ੍ਹਾਂ ਦਾ ਅੰਗਰੇਜ਼ਾਂ ਦਾ ਪ੍ਰਬੰਧ ਸੀ, ਉਸ ਤਰ੍ਹਾਂ ਦਾ ਪ੍ਰਬੰਧ ਭਾਰਤ 'ਤੇ ਲੱਦਣਾ ਚਾਹੁੰਦੇ ਸਨ। ਇਹ ਸਭ ਨੇਤਾਵਾਂ ਨੇ ਵਿਦੇਸ਼ੀ ਜੀਵਨ ਮੁੱਲਾਂ ਅਤੇ ਢਾਂਚੇ ਨੂੰ ਭਾਰਤ 'ਤੇ ਲਾਗੂ ਕਰਨ ਦੀ ਠਾਣ ਲਈ ਸੀ। ਜਿਸ ਤਰ੍ਹਾਂ ਅੰਗਰੇਜ਼ਾਂ ਨੇ ਇੱਥੇ ਲੁੱਟ-ਘਸੁੱਟ ਕੀਤੀ ਸੀ, ਹੁਣ ਉਹਨਾਂ ਨੇ ਵੀ ਇਹ ਇਰਾਦਾ ਧਾਰ ਲਿਆ ਸੀ ਕਿ ਇਸ ਤੋਂ ਬਾਅਦ ਵਾਰੀ ਉਹਨਾਂ ਦੀ ਹੀ ਹੈ। ਇਹਨਾਂ ਦੀ ਮਨਸ਼ਾ ਸੀ ਕਿ ਅਸੀਂ ਕਿਵੇਂ ਨਾ ਕਿਵੇਂ ਸਮੁੱਚੇ ਭਾਰਤ ਦੀ ਕਮਾਣ ਸੰਭਾਲੀਏ।

ਇਸ ਪ੍ਰਕਾਰ ਹਾਲਾਤ ਇਹ ਬਣ ਗਏ ਕਿ ਅੰਗਰੇਜਾਂ ਨੇ ਜਾਣਾ ਸੀ ਅਤੇ ਉਹਨਾਂ ਨੇ ਭਾਰਤੀ ਨੇਤਾਵਾਂ ਨਾਲ ਸਲਾਹ-ਮਸ਼ਵਰਾ ਕੀਤਾ। ਸਾਰੇ ਹੀ ਕੁਰਸੀ ਚਾਹੁੰਦੇ ਸਨ ਪਰ ਧਰਮ ਦੇ ਆਧਾਰ 'ਤੇ ਉਹਨਾਂ ਦੀ ਪਾਈ ਫੁੱਟ ਹੁਣ ਬਿਰਖ਼ ਬਣ ਗਈ ਸੀ। ਮੁਸਲਿਮ ਲੀਗ, ਮੁਸਲਮਾਨਾਂ ਦੇ ਦੇਸ਼ ਦੀ ਮੰਗ ਕਰਨ ਲੱਗੀ। ਹਿੰਦੂ ਧੜਾ ਵੱਖਰੇ ਦੇਸ਼ ਦੀ ਗੱਲ ਕਰਨ ਲੱਗਾ। ਇਸ ਪ੍ਰਕਾਰ ਹਾਲਾਤ ਨਾਜ਼ੁਕ ਹੋ ਗਏ। ਮਾਊਂਟ ਬੈਟਨ ਨੂੰ ਭਾਰਤ ਇਸ ਲਈ ਭੇਜਿਆ ਗਿਆ ਕਿ ਉਹ ਜਾ ਕੇ ਮਸਲਾ ਸੁਲਝਾ ਕੇ ਆਵੇ। ਉਸ ਨੇ ਇਹਨਾਂ ਸਭਨਾਂ ਤੋਂ ਪੁੱਛਿਆ ਤਾਂ ਇਹਨਾਂ ਨੇ ਆਪੋ-ਆਪਣੇ ਵਿਚਾਰ ਪ੍ਰਗਟ ਕੀਤੇ।

ਉਸ ਸਮੇਂ ਦੇ ਪੰਜਾਬ ਦੇ ਹਾਲਾਤਾਂ ਨੂੰ ਜਾਣਨਾ ਵੀ ਅਤਿ ਜਰੂਰੀ ਹੈ। ਪੰਜਾਬ ਦੇ ਹਾਲਾਤ ਪੂਰੇ ਭਾਰਤ ਦੇ ਹਾਲਾਤਾਂ ਨਾਲੋਂ ਵੱਖਰੇ ਸਨ ਕਿਉਂਕਿ ਇੱਥੇ ਦੋ ਦੀ ਬਜਾਏ ਤਿੰਨ ਕੌਮਾਂ ਸਨ। 1941 ਈ. ਦੀ ਜਨਗਣਨਾ ਅਨੁਸਾਰ ਮੁਸਲਮਾਨ 57%, ਹਿੰਦੂ 30% ਅਤੇ ਸਿੱਖ 13% ਸਨ। ਸਿੱਖ ਇਥੇ ਘੱਟ ਗਿਣਤੀ ਵਿੱਚ ਸਨ ਪਰ ਉਹਨਾਂ ਦੀ ਸਮਾਜਿਕ ਅਤੇ ਆਰਥਿਕ ਦੇਣ 40% ਦੇ ਕਰੀਬ ਸੀ। ਪੰਜਾਬ 29 ਜਿਲ੍ਹਿਆਂ ਵਿੱਚ ਵੰਡਿਆ ਹੋਇਆ ਸੀ ਅਤੇ ਕਰੀਬ ਸੱਤ-ਅੱਠ ਰਿਆਸਤਾਂ ਵੀ ਸਨ। ਮੁਖ ਪੰਜ ਡਿਵੀਜ਼ਨਾ ਅੰਬਾਲਾ ਡਿਵੀਜ਼ਨ, ਜਲੰਧਰ ਡਿਵੀਜ਼ਨ, ਲਾਹੌਰ ਡਿਵੀਜ਼ਨ, ਰਾਵਲਪਿੰਡੀ ਡਿਵੀਜ਼ਨ ਅਤੇ ਮੁਲਤਾਨ ਡਿਵੀਜ਼ਨ ਸਨ। ਅੱਜ ਜਿਹੜਾ ਪੰਜਾਬ ਪਾਕਿਸਤਾਨ ਵਿੱਚ ਹੈ ਉੱਥੇ ਹਰ ਜਿਲ੍ਹੇ ਵਿੱਚ 60 ਤੋਂ 80% ਦੀ ਆਬਾਦੀ ਹਰ ਮੁਸਲਮਾਨਾਂ ਦੀ ਸੀ। ਮੁਸਲਮਾਨਾਂ ਦੀ ਸਭ ਤੋਂ ਵੱਧ ਆਬਾਦੀ ਅਟਕ ਵਿੱਚ 91% ਸੀ। ਸਿੱਖਾਂ ਦੀ ਜ਼ਿਆਦਾਤਰ ਅਬਾਦੀ ਕੇਂਦਰੀ ਪੰਜਾਬ ਦੇ ਚਾਰ-ਪੰਜ ਜਿਲਿਆਂ ਵਿੱਚ ਹੀ ਸੀ ਪਰ ਉੱਥੇ ਵੀ ਬਹੁ ਗਿਣਤੀ ਵਿੱਚ ਨਹੀਂ ਸਨ। ਜਲੰਧਰ, ਪਟਿਆਲਾ, ਫਿਰੋਜ਼ਪੁਰ, ਫਰੀਦਕੋਟ ਅਤੇ ਲੁਧਿਆਣਾ ਹੀ 40% ਤੋਂ ਵੱਧ ਅਬਾਦੀ ਵਾਲੇ ਸਿੱਖ ਜਿਲ੍ਹੇ ਸਨ। ਬਾਕੀ ਸਾਰੇ ਪੰਜਾਬ ਵਿੱਚ ਸਿੱਖ ਖਿੰਡਰੇ ਪੁੰਡਰੇ ਸਨ। ਹਿੰਦੂਆਂ ਦੀ ਆਬਾਦੀ ਸ਼ਿਮਲਾ, ਮੰਡੀ, ਰੋਹਤਕ ਅਤੇ ਕਰਨਾਲ ਆਦਿ ਵਿੱਚ ਸੀ ਪਰ ਉਥੇ ਵੀ ਬਹੁਤ ਘੱਟ ਥਾਵਾਂ 'ਤੇ ਉਹਨਾਂ ਦੀ ਆਬਾਦੀ ਬਹੁ ਗਿਣਤੀ ਸੀ। ਸਭ ਤੋਂ ਵੱਧ ਹਿੰਦੂ ਰੋਹਤਕ ਵਿੱਚ 82% ਦੇ ਕਰੀਬ ਸਨ। ਸਿੱਖ ਸਭ ਤੋਂ ਵੱਧ ਫਰੀਦਕੋਰਟ ਵਿੱਚ 44 .5% ਸਨ।

ਅਖੀਰ ਕੋਈ ਮਸਲਾ ਨਾ ਸੁਲਝਦਿਆਂ ਦੇਖ ਅੰਗਰੇਜ਼ਾਂ ਅਤੇ ਹੋਰ ਵੱਖ-ਵੱਖ ਧੜਿਆਂ ਦੇ ਲੀਡਰਾਂ ਦੁਆਰਾ ਮੁਸਲਮਾਨਾਂ ਦੀ ਵੱਧ ਆਬਾਦੀ ਵਾਲੇ ਖੇਤਰਾਂ ਦੇ ਟੋਟੇ ਕਰਨ ਦੀ ਤਜਵੀਜ਼ 'ਤੇ ਵਿਚਾਰ ਕੀਤੀ ਜਾਣ ਲੱਗੀ। ਬੰਗਾਲ ਅਤੇ ਪੰਜਾਬ ਵਿੱਚ ਬਾਕੀ ਸਭ ਰਾਜਾਂ ਤੋਂ ਵੱਧ ਮੁਸਲਮਾਨ ਸਨ। ਉਸ ਸਮੇਂ ਕੁੱਲ ਮਿਲਾ ਕੇ ਹਿੰਦੁਸਤਾਨ ਵਿੱਚ ਲਗਭਗ 556 ਛੋਟੀਆਂ-ਛੋਟੀਆਂ ਰਿਆਸਤਾਂ ਸਨ। ਅੰਗਰੇਜ਼ਾਂ ਨੇ ਭਾਰਤੀ ਨੇਤਾਵਾਂ (ਖਾਸ ਕਰਕੇ ਗਾਂਧੀ, ਨਹਿਰੂ ਅਤੇ ਪਟੇਲ ਜਿਹੜੇ ਕਿ ਕਾਂਗਰਸੀ ਧੜੇ ਵਿੱਚੋਂ ਸਨ) ਨੂੰ ਖੁੱਲੀ ਛੋਟ ਦੇ ਦਿੱਤੀ ਕਿ ਤੁਸੀਂ ਇਹਨਾਂ ਸਭ ਰਿਆਸਤਾਂ ਵਿੱਚੋਂ ਜਿੰਨਿਆਂ ਨੂੰ ਆਪਣੇ ਨਾਲ ਮਿਲਾ ਸਕਦੇ ਹੋ ਮਿਲਾ ਕੇ ਇੱਕ ਦੇਸ਼ ਬਣਾ ਲਵੋ। ਵੀ.ਪੀ ਮੈਨਨ ਜਿਹੜਾ ਕਿ ਇੱਕ ਆਈ.ਪੀ.ਐਸ ਅਧਿਕਾਰੀ ਸੀ ਅਤੇ ਬਾਹਰੋਂ ਪੜ੍ਹ ਕੇ ਆਇਆ ਸੀ, ਉਹ ਅਤੇ ਪਟੇਲ, ਇਹਨਾਂ 556 ਬਿਖ਼ਰੀਆਂ ਰਿਆਸਤਾਂ ਕੋਲ ਗਏ ਅਤੇ ਉਹਨਾਂ ਨੂੰ ਡਰਾ ਧਮਕਾਂ ਕੇ ਆਪਣੇ ਨਾਲ ਆਉਣ ਲਈ ਕਿਹਾ। ਉਹਨਾਂ ਕੋਲ ਹੋਰ ਕੋਈ ਚਾਰਾ ਨਹੀਂ ਸੀ। ਉਹਨਾਂ ਨੂੰ ਕਿਹਾ ਗਿਆ ਕਿ ਜਾਂ ਤਾਂ ਤੁਸੀਂ ਸਾਡੇ ਨਾਲ ਆ ਜਾਓ ਨਹੀਂ ਤਾਂ ਤੁਸੀਂ ਸੁਤੰਤਰ ਰਹਿ ਸਕਦੇ ਹੋ। ਪਰ ਜੇਕਰ ਉਹ ਸੁਤੰਤਰ ਰਹਿੰਦੇ ਤਾਂ ਉਹਨਾਂ ਨੂੰ ਡਰ ਇਹ ਸੀ ਕਿ ਉਹਨਾਂ ਦਾ ਰਾਜ ਖੋ ਲਿਆ ਜਾਵੇਗਾ। ਇਸ ਪ੍ਰਕਾਰ ਬਹੁਤ ਸਾਰੇ ਧੜੇ ਡਰਦੇ-ਡਰਾਉਂਦੇ ਹੋਏ ਭਾਰਤੀ ਸੰਘ ਵਿੱਚ ਸ਼ਾਮਿਲ ਹੋ ਗਏ ਪਰ ਕੁਝ ਰਿਆਸਤਾਂ ਅੜ ਗਈਆਂ ਜਿਵੇਂ ਕਿ ਜੂਨਾਗੜ੍ਹ, ਕਸ਼ਮੀਰ, ਹੈਦਰਾਬਾਦ ਅਤੇ ਕੁਝ ਟਾਪੂ ਜਿਹੜੇ ਕਿ ਹੋਰ ਬਸਤੀਆਂ ਦੇ ਕਬਜ਼ੇ ਵਿੱਚ ਵੀ ਸਨ। ਇਸ ਪ੍ਰਕਾਰ ਇਹਨ 556 ਵਿਚੋਂ ਬਹੁਤ ਸਾਰੀਆਂ ਰਿਆਸਤਾਂ ਨੂੰ ਵੀ.ਪੀ ਮੈਨਨ ਅਤੇ ਪਟੇਲ ਨੇ ਭਾਰਤੀ ਸੰਘ ਵਿੱਚ ਦਾਖ਼ਲ ਕੀਤਾ। ਡਾ. ਅੰਬੇਦਕਰ ਵੀ ਵਿਦੇਸ਼ ਵਿੱਚੋਂ ਪੜ੍ਹਿਆ ਸੀ ਅਤੇ ਉਸ ਨੂੰ ਸੰਵਿਧਾਨ

Copyright © 2022 The Author(s): This work is licensed under a Creative Commons Attribution- NonCommercial-NoDerivatives 4.0 (CC BY-NC-ND 4.0) International License



**Publisher: SARC Publisher**

ਕਾਰਜਕਰਨੀ ਸਭਾ ਦਾ ਮੁੱਖ ਮੈਂਬਰ ਬਣਾਇਆ ਗਿਆ। ਇਹ ਸੰਵਿਧਾਨ ਬਹੁਤ ਸਾਰੇ ਦੇਸ਼ਾਂ ਦੇ ਸੰਵਿਧਾਨਾਂ ਵਿੱਚੋਂ ਕੁਝ ਨਾ ਕੁਝ ਚੀਜ਼ਾਂ ਲੈ ਕੇ ਬਣਾਇਆ ਗਿਆ ਹੈ। ਪੰਜਾਬ ਵਿੱਚ ਲਕੀਰ ਖਿੱਚਕੇ ਲੀਡਰਾਂ ਨੇ ਵੰਡ ਕਰ ਦਿੱਤੀ ਅਤੇ ਲੋਕ ਦੇਖਦੇ ਰਹਿ ਗਏ। ਧਰਮ ਦੀ ਫਿਰਕੂ ਵੰਡ ਦਾ ਬੀਜ 150 ਸਾਲਾਂ ਵਿੱਚ ਵੱਡਾ ਬਿਰਖ਼ ਬਣ ਗਿਆ ਸੀ। ਸਿੱਟੇ ਵਜੋਂ ਲੋਕ ਇਧਰੋਂ-ਉਧਰ ਅਤੇ ਉਧਰੋਂ-ਇਧਰ ਆਉਣ-ਜਾਣ ਲੱਗੇ। ਇਸ ਹਫੜਾ-ਦਫੜੀ ਵਿੱਚ ਬਹੁਤ ਸਾਰੀ ਲੁੱਟਮਾਰ ਅਤੇ ਕਤਲੋਗਾਰਦ ਹੋਈ। 42 ਲੱਖ ਲੋਕ ਭਾਰਤ ਤੋਂ ਪਾਕਿਸਤਾਨ ਗਏ ਅਤੇ 43 ਲੱਖ ਲੋਕ ਪਾਕਿਸਤਾਨ ਤੋਂ ਭਾਰਤ ਵੱਲ ਆਏ। 7-8 ਲੱਖ ਦੇ ਕਰੀਬ ਲੋਕ ਮਾਰੇ ਗਏ ਅਤੇ ਜ਼ਖ਼ਮੀ ਹੋ ਗਏ। ਉਹਨਾਂ ਲੀਡਰਾਂ ਨੂੰ ਕੁਰਸੀ ਮਿਲੀ, ਲੋਕਾਂ ਨੂੰ ਮਿਲੀ ਮੌਤ, ਵੰਡ ਤੇ ਪੰਜਾਬੀਆਂ ਨੂੰ ਗਹਿਰਾ ਜ਼ਖ਼ਮ। ਗਾਂਧੀ ਰਾਸ਼ਟਰਪਿਤਾ ਬਣ ਗਿਆ, ਪਰ ਉਹਨਾਂ ਦੇ ਅੰਦਰਲੇ ਹਾਲਾਤਾਂ ਕਰਕੇ ਗਾਂਧੀ ਨੂੰ ਮਰਨਾ ਪਿਆ। *RSS, School Text and The Murder of Gandhi* (by Aditya Mukherjee, Mridula Mukherjee and Sucheta Mahajan) ਨਾਂ ਦੀ ਕਿਤਾਬ ਵਿੱਚ ਇਹ ਜਾਣਕਾਰੀ ਦਰਜ਼ ਹੈ। ਸੋ ਇਸ ਪ੍ਰਕਾਰ ਭਾਰਤੀ ਲੀਡਰਾਂ ਦਾ ਵੰਡ ਵਿੱਚ ਯੋਗਦਾਨ ਰਿਹਾ।

ਪੰਜਾਬ ਦੇ ਲੀਡਰਾਂ ਨੇ ਪੰਜਾਬ ਦੀ ਵੰਡ ਪ੍ਰਤੀ ਕੀ ਵਤੀਰਾ, ਪ੍ਰਤੀਕਰਮ ਜਾਂ ਰੁੱਖ ਇਖ਼ਤਿਆਰ ਕੀਤਾ, ਇਹ ਵੀ ਜਾਨਣਾ ਜਰੂਰੀ ਹੈ। ਪੰਜਾਬ ਵਿੱਚ ਗੁਰਦੁਆਰਾ ਸੁਧਾਰ ਲਹਿਰ ਉੱਠੀ। ਗੁਰਦੁਆਰਾ ਐਕਟ 1920 ਈ. ਦੇ ਬਣਨ ਬਾਅਦ ਅਕਾਲੀ ਦਲ ਰਾਜਨੀਤੀ ਵਿੱਚ ਆਇਆ। ਇਹਨਾਂ ਨੇ 1937 ਈ. ਦੀਆਂ ਚੋਣਾਂ ਵਿੱਚ 10 ਸੀਟਾਂ ਅਤੇ 1945-46 ਦੀਆਂ ਚੋਣਾਂ ਵਿੱਚ 21 ਸੀਟਾਂ ਜਿੱਤੀਆਂ ਸਨ। ਪਰ ਇਹ ਕਿਸੇ ਵੀ ਤਰ੍ਹਾਂ ਉਸ ਸਮੇਂ ਦੇ ਪੂਰੇ ਪੰਜਾਬ ਦੀ ਪ੍ਰਤੀਨਿਧਤਾ ਕਰਨੋਂ ਅਸਮਰੱਥ ਸਨ। ਪੰਜਾਬ ਦੀ ਵੰਡ ਵੇਲੇ ਮੁੱਢਲੇ ਲੀਡਰਾਂ ਵਿੱਚੋਂ ਉੱਜਲ ਸਿੰਘ, ਤਾਰਾ ਸਿੰਘ, ਬਲਦੇਵ ਸਿੰਘ, ਸੁੰਦਰ ਸਿੰਘ ਮਜੀਠੀਆ ਆਦਿ ਸਨ। ਪੰਜਾਬ ਵਿੱਚ ਸਿੱਖਾਂ ਦੀ ਘੱਟ ਗਿਣਤੀ ਦੇ ਕਾਰਨ ਇਹਨਾਂ ਦੀ ਸਭ ਤੋਂ ਵੱਡੀ ਦੁਵਿਧਾ ਇਹ ਸੀ ਕਿ ਜਿਸ ਨਾਲ ਵੀ ਜਾਂਦੇ ਉਹ ਇਹਨਾਂ ਨੂੰ ਥੱਲੇ ਰੱਖਣ ਦੀ ਕੋਸ਼ਿਸ਼ ਕਰਦਾ। 1940 ਈ. ਵਿੱਚ ਜਿਨਾਹ ਨੇ ਵੱਖ ਦੇਸ਼ ਦਾ ਮਤਾ ਪਾਸ ਕਰਕੇ ਇਹਨਾਂ ਨੂੰ ਹੋਰ ਔਖਿਆ ਕਰ ਦਿੱਤਾ ਸੀ। ਅਕਾਲੀ ਨੇਤਾ, ਮਾਸਟਰ ਤਾਰਾ ਸਿੰਘ ਨੇ ਸਰ ਸੈਟਫੋਰਡ ਕਰਿਪੱਸ ਦੇ ਨਾਂ ਪਹਿਲੀ ਮਈ, 1942 ਈ. ਨੂੰ ਲਿਖੇ ਇੱਕ ਪੱਤਰ ਵਿਚ ਪੰਜਾਬ ਦੀ ਵੰਡ ਦੇ ਵਿਚਾਰ ‘ਤੇ ਜ਼ੋਰ ਦਿੰਦਿਆਂ ਕਿਹਾ-

ਮੇਰਾ ਖਿਆਲ ਹੈ ਕਿ ਦਿੱਲੀ ਵਿਚ ਮੈਂ ਤੁਹਾਨੂੰ ਇਸ ਗੱਲ ‘ਤੇ ਰਾਜ਼ੀ ਕਰ ਲਿਆ ਸੀ ਕਿ ਤੁਸੀਂ ਵਰਤਮਾਨ ਪੰਜਾਬ ਨੂੰ ਦੋ ਭਾਗਾਂ ਵਿਚ ਵੰਡ ਕੇ ਅਤੇ ਹਰੇਕ ਭਾਗ ਨੂੰ ਸ਼ਾਮਲ ਨਾ ਹੋਣ ਦਾ ਹੱਕ ਦੇ ਕੇ ਸਿੱਖਾਂ ਦੇ ਹਿਤਾਂ ਦੀ ਅਸਲੀ ਰੂਪ ਵਿਚ ਰਾਖੀ ਕਰ ਸਕਦੇ ਹੋ। ਸਿੱਖ ਅਤੇ ਹਿੰਦੂ ਭਾਰਤ ਤੋਂ ਬਾਹਰ ਨਹੀਂ ਜਾਣਾ ਚਾਹੁੰਦੇ। ਕੇਂਦਰੀ ਅਤੇ ਪੂਰਬੀ ਪੰਜਾਬ ਦੀ ਗੈਰ-ਮੁਸਲਿਮ ਬਹੁ ਗਿਣਤੀ ਨੂੰ ਆਪਣੀਆਂ ਇੱਛਾਵਾਂ ਦੇ ਵਿਰੁਧ ਭਾਰਤ ਤੋਂ ਵੱਖ ਰਹਿਣ ਲਈ ਕਿਉਂ ਮਜ਼ਬੂਰ ਕੀਤਾ ਜਾਵੇ ?... ਜੇ ਤੁਸੀਂ ਮੁਸਲਮਾਨਾਂ ਨੂੰ ਰਾਜ-ਅਧਿਕਾਰ ਦੇਣ ਲਈ ਪ੍ਰਾਂਤਾਂ ਨੂੰ ਭਾਰਤ ਤੋਂ ਵੱਖ ਕਰ ਸਕਦੇ ਹੋ ਤਾਂ ਤੁਸੀਂ ਸਿੱਖਾਂ ਨੂੰ ਕਿਸੇ ਇੱਕ ਫਿਰਕੇ ਦੇ ਰਾਜ ਤੋਂ ਸੁਰੱਖਿਅਤ ਕਰਨ ਲਈ ਇਕ ਵੱਡੇ ਇਲਾਕੇ ਨੂੰ ਵੱਖ ਕਰਨ ਤੋਂ ਇਨਕਾਰ ਕਿਵੇਂ ਕਰ ਸਕਦੇ ਹੋ।[9]

2 ਦਸੰਬਰ, 1942 ਈ. ਨੂੰ ਪ੍ਰਕਾਸ਼ਿਤ ਹੋਏ ਆਪਣੇ ਅਖਬਾਰੀ ਬਿਆਨ ਵਿਚ ਮਾਸਟਰ ਤਾਰਾ ਸਿੰਘ ਨੇ ਪੰਜਾਬ ਨੂੰ ਇਸ ਪ੍ਰਕਾਰ ਦੇ ਪ੍ਰਾਂਤਾਂ ਵਿਚ ਵੰਡਣ ‘ਤੇ ਜ਼ੋਰ ਦਿੱਤਾ। ਜਿਸ ਨਾਲ ਇੱਕ ਵਿਚ ਹਿੰਦੂਆਂ ਅਤੇ ਸਿੱਖਾਂ ਦੀ ਪ੍ਰਬਲਤਾ ਹੋਵੇ ਅਤੇ ਦੂਜੇ ਵਿੱਚ ਮੁਸਲਮਾਨਾਂ ਦੀ। ਉਹਨਾਂ ਨੇ "ਉੜੀਸਾ, ਬਿਹਾਰ ਅਤੇ ਸਿੰਧ ਦੀ ਉਦਾਹਰਣ" ਦਾ ਹਵਾਲਾ ਦਿੱਤਾ ਤੇ ਕਿਹਾ "ਇਹਨਾਂ ਨੂੰ ਦੇਸ਼ ਦੀ ਏਕਤਾ ਨੂੰ ਕਿਸੇ ਪ੍ਰਕਾਰ ਭੰਗ ਕੀਤੇ ਬਿਨ੍ਹਾਂ ਵਖਰੇ ਵਖਰੇ ਪ੍ਰਾਂਤ ਬਣਾ ਦਿੱਤਾ ਗਿਆ ਸੀ।”[10] ਸੁੰਦਰ ਸਿੰਘ ਮਜੀਠਾ ਨੇ ਵੀ ਇਹ ਕਿਹਾ ਕਿ “ਮੁਸਲਮਾਨ ਜਿਸ ਰਾਹ ‘ਤੇ ਤੁਰ ਪਏ ਹਨ ਤਾਂ ਹੁਣ ਸਾਨੂੰ ਵੱਖ ਹੋਣਾ ਹੀ ਪਵੇਗਾ।” ਸਿੱਖ ਮੁਸਲਮਾਨਾਂ ਨਾਲ ਨਹੀਂ ਜਾਣਾ ਚਾਹੁੰਦੇ ਸਨ ਕਿਉਂਕਿ ਇਤਿਹਾਸ ਵਿੱਚ ਉਹਨਾਂ ਉੱਤੇ ਮੁਸਲਮਾਨਾਂ ਨੇ ਜਿਹੜੇ ਜ਼ੁਲਮ ਕੀਤੇ ਸਨ ਉਹ ਉਹਨਾਂ ਦੇ ਅਵਚੇਤਨ ਵਿੱਚ ਪਏ ਸਨ। ਦੂਜੇ ਪਾਸੇ ਹਿੰਦੁਸਤਾਨ ਦੇ ਕਾਂਗਰਸੀ ਲੀਡਰ ਸਨ। ਹਿੰਦੁਸਤਾਨ ਨਾਲ ਉਹਨਾਂ ਨੂੰ ਆਪਣੀ ਪੁਰਾਣੀ ਸੱਭਿਆਚਾਰਕ ਸਾਂਝ ਜਾਪੀ। ਮਾਸਟਰ ਤਾਰਾ ਸਿੰਘ ਨੇ 18 ਅਪ੍ਰੈਲ 1947 ਈ. ਨੂੰ ਵਾਈਸਰਾਏ ਨਾਲ ਆਪਣੀ ਮੀਟਿੰਗ ਵਿੱਚ ਕਿਹਾ ਕਿ ਫਿਰਕੂ ਬਖੇੜੇ ਨੂੰ ਖ਼ਤਮ ਕਰਨ ਦਾ ਇੱਕੋ ਉਪਾਅ ਪੰਜਾਬ ਦੀ ਵੰਡ ਹੀ ਹੈ।”[11] ਸ਼੍ਰੋਮਣੀ ਅਕਾਲੀ ਦਲ ਨੇ ਵੀ ਵੱਖਰੇ ਪ੍ਰਾਂਤ ਦੀ ਮੰਗ ਕੀਤੀ ਕਿਉਂਕਿ ਸਿੱਖਾਂ ਦੇ ਗੁਰਦੁਆਰੇ ਤੇ ਵਰਤਮਾਨ ਪੰਜਾਬ ਪ੍ਰਾਂਤ ਦੀ ਸਿੱਖ ਆਬਾਦੀ ਦੀ ਚੌਖੀ ਗਿਣਤੀ ਇਸ ਵਿੱਚ ਆ ਜਾਂਦੇ ਸਨ।[12] ਜਦੋਂ ਜਿਨਾਹ ਅੱਗੇ ਕਾਂਗਰਸੀ ਲੀਡਰਾਂ ਨੇ ਇਹ ਪੇਸ਼ਕਸ਼ ਰੱਖੀ ਗਈ ਕਿ ਅਸਾਮ, ਬੰਗਾਲ ਅਤੇ ਪੰਜਾਬ ਨੂੰ ਵੰਡਣਾ ਪਵੇਗਾ ਤਾਂ ਉਸ ਨੇ ਇਸ ਵੰਡ ਦੀ ਵਿਰੋਧਤਾ ਕੀਤੀ। ਉਹ ਪੂਰੇ ਪ੍ਰਾਂਤ ਚਾਹੁੰਦਾ ਸੀ, ਇਹਨਾਂ ਦੀ ਵੰਡ ਉਹ ਬਿਲਕੁਲ ਨਹੀਂ ਚਾਹੁੰਦਾ ਸੀ। ਕਾਂਗਰਸ ਨੇ ਵੀ 8 ਅਪ੍ਰੈਲ 1947 ਈ. ਨੂੰ ਕਿਹਾ ਕਿ ਪੰਜਾਬ ਨੂੰ ਦੋ ਪ੍ਰਾਂਤਾਂ ਵਿੱਚ ਵੰਡਣਾ ਹੀ ਠੀਕ ਰਹੇਗਾ।[13] ਸਿੱਖਾਂ ਦੀ ਨਿਆਮਤ ਅਲੀ ਖਾਂ ਅਤੇ ਜਿਨਾਹ ਨਾਲ ਹੋਈ ਵਾਰਤਾ ਦੌਰਾਨ ਉਹ ਇਹਨਾਂ ਨੂੰ ਪਾਕਿਸਤਾਨ ਵਿੱਚ ਲੈਣ ਲਈ ਤਿਆਰ ਹੋ ਗਏ ਸਨ ਪਰ ਇਹਨਾਂ ਦੀ ਮੰਗ ਸੀ ਕਿ ਬਾਅਦ ਵਿੱਚ ਸਿੱਖ ਰਿਆਸਤ ਨੂੰ ਪਾਕਿਸਤਾਨ ਤੋਂ ਵੱਖਰਾ ਹੋਣ ਦੀ ਰਿਆਇਤ ਦਿੱਤੀ ਜਾਵੇ। ਅਜਿਹੀ ਸ਼ਰਤ ਉਹਨਾਂ ਨਹੀਂ ਮੰਨੀ ਸੋ ਸਿੱਟੇ ਵਜੋਂ ਵੰਡ ਹੋ ਗਈ। ਬਹੁਤ ਸਾਰੀਆਂ ਗੋਲਮੇਜ ਕਾਨਫਰੰਸਾਂ ਵੀ ਹੋਈਆਂ ਪਰ ਘੱਟ ਗਿਣਤੀ ਕਰਕੇ ਉਸ ਤਰ੍ਹਾਂ ਦੀ ਪ੍ਰਤੀਨਿਧਤਾ ਸਾਡੀ ਨਹੀਂ ਬਣ ਸਕੀ, ਜਿਸ ਤਰ੍ਹਾਂ ਦੀ ਮੁਸਲਮਾਨਾਂ ਦੀ ਸੀ। ਹਾਲਾਂਕਿ ਮੁਸਲਮਾਨ ਵੀ ਭਾਰਤ ਵਿੱਚ ਘੱਟ ਗਿਣਤੀ ਸਨ ਪਰ ਅਸੀਂ ਅਗਾਂਹ ਭਾਰਤ ਦੇ ਪੰਜਾਬ ਵਿੱਚ ਘੱਟ ਗਿਣਤੀ ਵਿੱਚ ਸੀ। ਇਸ ਕਰਕੇ ਸ਼ਾਇਦ ਅਸੀਂ ਆਪਣਾ ਪੱਖ ਜੋਰਦਾਰ ਤਰੀਕੇ ਨਾਲ ਨਹੀਂ ਰੱਖ ਸਕੇ। ਦੂਜਾ ਜਿਨਾਹ ਨੇ ਧਰਮ ਦੇ ਆਧਾਰ ‘ਤੇ ਪਾਕਿਸਤਾਨ ਦੇਸ਼ ਮੰਗਿਆ ਸੀ ਪਰ ਪੰਜਾਬ ਦੇ ਸਿੱਖ ਲੀਡਰਾਂ ਦਾ ਵਿਚਾਰ ਜਿਨਾਹ ਜਿਹਾ ਨਹੀਂ ਸੀ। ਉਹ ਭਾਰਤ ਵਿੱਚ ਰਹਿ ਕੇ ਹੀ ਬਰਾਬਰ ਦੀ ਪ੍ਰਤੀਨਿਧਤਾ ਤੇ ਹੱਕ ਚਾਹੁੰਦੇ ਹਨ। ਇਹ ਸਿੱਖ ਲੀਡਰਾਂ ਦੀ ਵੱਡੀ ਭੁੱਲ ਸੀ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਹਿੰਦੁਸਤਾਨ ਵਿੱਚ ਘੱਟ ਗਿਣਤੀ ਹੋਣ ਕਰਕੇ ਅਤੇ ਸਿੱਖ ਲੀਡਰਾਂ ਦੁਆਰਾ ਜਿਨਾਹ ਵਾਂਗ

Copyright © 2022 The Author(s): This work is licensed under a Creative Commons Attribution- NonCommercial-NoDerivatives 4.0 (CC BY-NC-ND 4.0) International License

**Publisher: SARC Publisher**

ਸਿੱਧੀ ਲਕੀਰ ਨਾ ਵਾਹੁਣ ਕਰਕੇ ਵੀ ਵੰਡ ਹੋਈ। ਦੂਜਾ ਸਾਡੇ ਕੋਲ ਯੋਗ ਲੀਡਰਾਂ ਦੀ ਘਾਟ ਸੀ। ਸਾਡੇ ਕੋਲ ਅਜਿਹਾ ਲੀਡਰ ਨਹੀ ਸੀ ਜਿਹੜਾ ਸਾਡੀ ਨੁਮਾਇੰਦਗੀ ਪੁਖ਼ਤਗੀ ਨਾਲ ਕਰ ਸਕਦਾ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਾਡੀ ਕੌਮ ਲੀਡਰ ਤੋਂ ਵਾਂਝੀ ਹੋ ਗਈ। ਹੁਣ ਤੱਕ ਸਾਨੂੰ ਕੋਈ ਢੰਗ ਦਾ ਅਜਿਹਾ ਲੀਡਰ ਨਹੀਂ ਮਿਲਿਆ, ਜਿਸ ਦੇ ਦਮ ਜਾਂ ਓਟ ਆਸਰੇ ਹੇਠ ਇਹ ਪੰਜਾਬ ਅਤੇ ਪੰਜਾਬੀਅਤ ਮੁੜ ਤੋਂ ਆਪਣੇ ਪੈਰਾਂ 'ਤੇ ਖੜ੍ਹ ਸਕੇ। ਸਾਡੇ ਵਿਦਵਾਨਾਂ ਕੋਲ ਲੋੜੀਂਦੀ ਕੂਟਨੀਤੀ, ਬਲ ਸਮਰੱਥਾ ਅਤੇ ਬੁੱਧੀਮਤਾ ਦੀ ਘਾਟ ਸੀ, ਜਿਸ ਕਰਕੇ ਵੀ ਸਾਡੀ ਵੰਡ ਹੋਈ। ਕੌਮਾਂ ਜਦੋਂ ਲੀਡਰ ਤੋਂ ਬਿਨਾਂ ਹੋ ਜਾਣ ਤਾਂ ਉਹਨਾਂ ਨੂੰ ਕੋਈ ਵੀ ਗੁਲਾਮ ਬਣਾ ਲੈਂਦਾ ਹੈ। ਇਉਂ ਸਾਡੀ ਕੌਮ ਨਾਲ ਹੋਇਆ। ਸਾਨੂੰ ਗੁਲਾਮ ਬਣਾ ਲਿਆ ਤੇ ਹੁਣ ਤੱਕ ਵੀ ਅਸੀਂ ਪੱਛਮੀ ਪ੍ਰਬੰਧ ਦੇ ਗੁਲਾਮ ਹਾਂ।

ਇਸ ਪ੍ਰਕਾਰ ਵੰਡ ਵਿੱਚ ਸਾਡੀ ਗਲਤੀ ਇਹ ਰਹੀ ਕਿ ਅਸੀ ਅਜੇ ਤੱਕ ਯੋਗ ਲੀਡਰ ਪੈਦਾ ਨਹੀਂ ਕਰ ਸਕੇ। ਜਿਸ ਕਰਕੇ ਸਾਨੂੰ ਇਹ ਤ੍ਰਾਸਦੀ ਆਪਣੇ ਪਿੰਡੇ 'ਤੇ ਹੰਢਾਉਣੀ ਪਈ। ਇਸ ਤਰ੍ਹਾਂ ਨਾ ਸਿਰਫ ਵਿਦੇਸ਼ੀਆਂ ਦਾ ਦੋਸ਼, ਸਾਡੇ ਆਪਣਿਆਂ ਦਾ ਵੀ ਇਸ ਵਿੱਚ ਯੋਗਦਾਨ ਹੈ ਅਤੇ ਸਾਡੀ ਆਪਣੀ ਵੀ ਨਲਾਇਕੀ ਰਹੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਸੁਰਿੰਦਰ ਕੁਮਾਰ ਦਵੇਸ਼ਵਰ, ਹਰੀਸ਼ ਜੈਨ (ਸੰਪਾ.). *ਸਪਤ ਸਿੰਧੂ ਪੰਜਾਬ.* ਯੂਨੀਸਟਾਰ ਬੁੱਕਸ, ਚੰਡੀਗੜ੍ਹ, 2022. ਪੰਨਾ 89.
2. ਉਹੀ, ਪੰਨਾ 89.
3. ਉਹੀ, ਪੰਨਾ 90.
4. ਅਮਰਜੀਤ ਚੰਦਨ. *ਦੁੱਧ ਵਿੱਚ ਕਾਂਜੀ ਪੰਜਾਬੀ ਦਾ ਸੱਤਿਆਨਾਸ.* ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ, 2024. ਪੰਨਾ 15.
5. ਸਤਿੰਦਰ ਕੌਰ. *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿੱਚ ਸੰਮਿਲਤ ਪੰਜਾਬੀ ਸਾਹਿਤ ਸਰਵੇਖਣ ਅਤੇ ਮੁਲਾਂਕਣ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ. ਪੰਨਾ 40.
6. ਉਹੀ, ਪੰਨਾ 40-41.
7. ਅਜਮੇਰ ਸਿੰਘ. *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ.* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਤੀਜੀ ਛਾਪ, 2004. ਪੰਨਾ 11.
8. ਉਹੀ, ਪੰਨਾ 11.
9. ਕਿਰਪਾਲ ਸਿੰਘ. *ਪੰਜਾਬ ਦਾ ਬਟਵਾਰਾ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994. ਪੰਨਾ 20-21.
10. ਉਹੀ, ਪੰਨਾ 21.
11. ਉਹੀ, ਪੰਨਾ 37-38.
12. ਉਹੀ, ਪੰਨਾ 32.
13. ਉਹੀ, ਪੰਨਾ 37.


**Source of support:** Nil; **Conflict of interest:** Nil.

**Cite this article as:**
ਜਗਦੀਪ ਸਿੰਘ. "ਪੰਜਾਬ ਦੀ ਵੰਡ : ਪੁਨਰ-ਚਿੰਤਨ." *Sarcouncil Journal of Arts and Literature* 5.1 (2026): pp 26-30.

Copyright © 2022 The Author(s): This work is licensed under a Creative Commons Attribution- NonCommercial-NoDerivatives 4.0 (CC BY-NC-ND 4.0) International License



**Publisher: SARC Publisher**